# ਦਫਤਰ ਡਿਪਟੀ ਕਮਿਸ਼ਨਰ-ਕਮ-ਜਿਲ੍ਹਾ ਮੈਜਿਸਟਰੇਟ, ਪਠਾਨਕੋਟ

**ਹੁਕਮ ਨੰ:**

## ਹੁਕਮ

ਜਿਵੇਂ ਕਿ ਨਿਮਨਹਸਤਾਖਰ ਦੇ ਧਿਆਨ ਵਿੱਚ ਆਇਆ ਕਿ ਵਾਰਡ ਨੰ: 37, ਨੇੜੇ ਕੇ.ਐਫ.ਸੀ, ਸਕੂਲ ਪਠਾਨਕੋਟ ਵਿਖੇ ਕੱਚੇ ਰਾਸ਼ਨ ਦੀ ਸਪਲਾਈ ਸਮੇਂ ਬਹੁਤ ਸਾਰੇ ਲੋਕਾਂ ਦੀ ਭੀੜ ਇਕੱਠੀ ਹੋਈ ਸੀ ਅਤੇ ਲੋਕ ਬਿਨਾਂ ਕਿਸੇ ਸਮਾਜਿਕ ਦੂਰੀ, ਮਾਸਕ ਆਦਿ ਦੇ ਰਾਸ਼ਨ ਪ੍ਰਾਪਤ ਕਰਨ ਲਈ ਖਿੱਚ-ਧੂਹ ਕਰ ਰਹੇ ਸਨ। ਕਿਉਂਜੋ ਪੂਰੇ ਭਾਰਤ ਵਿੱਚ ਕੋਵਿਡ-19 ਦੇ ਮਾਰੂ ਪ੍ਰਭਾਵਾਂ ਨੂੰ ਦੇਖਦੇ ਹੋਏ ਕਰਫਿਊ/ਲੋਕਡਾਊਨ ਕੀਤਾ ਹੋਇਆ ਹੈ। ਇਸ ਲਈ ਕੋਵਿਡ-19 ਦੀਆਂ ਹਦਾਇਤਾਂ ਮੁਤਾਬਿਕ ਸਮਾਜਿਕ ਦੂਰੀ, ਮਾਸਕ, ਸੈਨੀਟਾਈਜੇਸ਼ਨ ਆਦਿ ਦਾ ਪੂਰਾ-ਪੂਰਾ ਪਾਲਣ ਕਰਨਾ ਬਹੁਤ ਹੀ ਜ਼ਰੂਰੀ ਹੈ।

2. ਇਸ ਸਬੰਧੀ ਵਧੀਕ ਡਿਪਟੀ ਕਮਿਸ਼ਨਰ (ਜ), ਪਠਾਨਕੋਟ ਵਲੋਂ ਪੜ੍ਹਤਾਲ ਕੀਤੀ ਗਈ ਅਤੇ ਪੜ੍ਹਤਾਲ ਕਰਨ ਉਪਰੰਤ ਉਹਨਾਂ ਵਲੋਂ SOP (Standard Operating Procedure) ਤਿਆਰ ਕੀਤਾ ਗਿਆ ਹੈ (ਕਾਪੀ ਨੱਥੀ)। ਇਸ SOP ਮੁਤਾਬਿਕ ਸਬੰਧਤ ਅਧਿਕਾਰੀ/ਸਪੈਸ਼ਲ ਡਿਊਟੀ ਮੈਜਿਸਟਰੇਟ/ਕਲੱਸਟਰ ਇੰਚਾਰਜ ਰਾਸ਼ਨ ਆਦਿ ਦੀ ਸਪਲਾਈ ਸਮੇਂ ਕੰਮ ਕਰਨਾ ਯਕੀਨੀ ਬਣਾਉਣਗੇ।

3. ਇਸ ਤੋਂ ਇਲਾਵਾ ਉਕਤ ਸਥਿਤੀ ਨੂੰ ਦੇਖਦੇ ਹੋਏ ਸਮੂਹ ਥਾਣਾ ਵਾਈਜ਼ ਤਾਇਨਾਤ ਸਪੈਸ਼ਲ ਡਿਊਟੀ ਮੈਜਿਸਟਰੇਟ ਰਾਸ਼ਨ ਆਦਿ ਦੀ ਸਪਲਾਈ ਕਰਨ ਸਮੇਂ ਆਮ ਲੋਕਾਂ ਵਿੱਚ ਸਮਾਜਿਕ ਦੂਰੀ, ਮਾਸਕ ਆਦਿ ਦਾ ਪੂਰਾ-ਪੂਰਾ ਧਿਆਨ ਰੱਖਣਾ ਯਕੀਨੀ ਬਣਾਉਣਗੇ ਅਤੇ ਰਾਸ਼ਨ ਦੀ ਜਿਸ ਵੀ ਕਲੱਸਟਰ ਵਿੱਚ ਸਪਲਾਈ ਕਰਨਗੇ, ਉਸ ਸਬੰਧੀ ਸਬੰਧਤ ਕਲੱਸਟਰ ਇੰਚਾਰਜ਼ ਪਹਿਲਾਂ ਹੀ ਸਬੰਧਤ ਥਾਣੇ ਨੂੰ ਸੂਚਿਤ ਕਰਨਗੇ ਤਾਂ ਜ਼ੋ ਸੁਰੱਖਿਆ ਦੇ ਯੋਗ ਪ੍ਰਬੰਧ ਹੋਣ ਕਰਕੇ ਰਾਸ਼ਨ ਦੀ ਸਪਲਾਈ ਸਹੀ ਤਰੀਕੇ ਨਾਲ ਕੀਤੀ ਜਾ ਸਕੇ। ਵਧੀਕ ਡਿਪਟੀ ਕਮਿਸ਼ਨਰ (ਜ), ਪਠਾਨਕੋਟ ਇਸ ਸਬੰਧੀ ਓਵਰਆਲ ਇੰਚਾਰਜ਼ ਹੋਣਗੇ।

4. ਸੀਨੀਅਰ ਪੁਲਿਸ ਕਪਤਾਨ, ਪਠਾਨਕੋਟ ਰਾਸ਼ਨ ਦੀ ਸਪਲਾਈ ਸਮੇਂ ਸਬੰਧਤ ਕਲੱਸਟਰ ਵਿਖੇ ਸੁਰੱਖਿਆ ਦੇ ਯੋਗ ਪ੍ਰਬੰਧ ਕਰਵਾਉਣੇ ਯਕੀਨੀ ਬਣਾਉਣਗੇ।

ਇਹਨਾਂ ਹੁਕਮਾਂ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਈ ਜਾਵੇ।

**ਮਿਤੀ: 22.04.2020**

DISTRICT MAGISTRATE PATHANKOT

**(ਗੁਰਪ੍ਰੀਤ ਸਿੰਘ ਖਹਿਰਾ) ਆਈ.ਏ.ਐਸ**
**ਜਿਲ੍ਹਾ ਮੈਜਿਸਟਰੇਟ, ਪਠਾਨਕੋਟ।**

ਪਿੱਠ ਅੰਕਣ ਨੰ: DRA(J)/1051-57 ਮਿਤੀ: 22/04/2020

ਇਸ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1) ਸੀਨੀਅਰ ਪੁਲਿਸ ਕਪਤਾਨ, ਪਠਾਨਕੋਟ।
2) ਵਧੀਕ ਡਿਪਟੀ ਕਮਿਸ਼ਨਰ, ਪਠਾਨਕੋਟ।
3) ਜਿਲ੍ਹਾ ਖੁਰਾਕ ਸਿਵਲ ਸਪਲਾਈਜ਼ ਕੰਟਰੋਲਰ, ਪਠਾਨਕੋਟ।
4) ਜਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ, ਪਠਾਨਕੋਟ।

5) ਐਕਸੀਅਨ, ਜਲ ਸਪਲਾਈ ਅਤੇ ਸਨੀਟੇਸ਼ਨ, ਪਠਾਨਕੋਟ।

6) ਸਮੂਹ ਸਪੈਸ਼ਲ ਡਿਊਟੀ ਮੈਜਿਸਟਰੇਟ, ਜਿਲ੍ਹਾ ਪਠਾਨਕੋਟ।

7) ਸਮੂਹ ਕਲੱਸਟਰ ਇੰਚਾਰਜ, ਜਿਲ੍ਹਾ ਪਠਾਨਕੋਟ।

(ਗੁਰਪ੍ਰੀਤ ਸਿੰਘ ਖਹਿਰਾ) ਆਈ.ਏ.ਐਸ
ਜਿਲ੍ਹਾ ਮੈਜਿਸਟਰੇਟ, ਪਠਾਨਕੋਟ।

GOVT. PUNJAB

## Office of Deputy Commissioner-Cum- District Magistrate Pathankot

(District Administration Complex, Near Malikpur Chowk, Pathankot-145025)
E-mail:- dc.pkt@gmail.com , Landline No.:- 0186-2346464, 2346342

In lieu of the mishappening that happened on 19.04.2020, the following decisions have been taken in a meeting that happened in the office of the undersigned:

1. That every beneficiary will be verified first.
2. Then, a slip will be stuck on every beneficiary's bag. A counter copy shall be kept for official purposes.
3. Home delivery of all kits shall be made.

The meeting was attended by the following:

1. Sh. Parampal Singh, DDPO
2. Sh. Sukhwinder Singh, DFCS
3. Dr. Kulbushan, Dy Dir Animal Husbandry
4. Sh. Naresh Kumar, SDO, PWD
5. Sh. Sanjeev Sharma, CDPO
6. Sh. Sumesh Kumar, Veterinary Doctor
7. Sh. Inderjeet Singh, Supt., O/o MC Pathankot
8. Sh. Vijay Kumar, EO, Nagar Council, Sujanpur

(Abhijeet Kaplish),IAS
Additional Deputy Commissioner(G),
Pathankot